ਕੋਈ ਹੱਕ ਰਾਖਵਾਂ ਨਹੀਂ।

ਕਿਰਤੀ ਪ੍ਰਚਾਰ ਲੜੀ ਟ੍ਰੈਕਟ ਨੰ: ੧—

# ਖਚਰਾ-ਫ੍ਰੰਗੀ

ਮਿਲਣ ਦਾ ਪਤਾ—
'ਫੁਲਵਾੜੀ ਏਜੰਸੀ'
ਅੰਮ੍ਰਿਤਸਰ

# ਖਚਰਾ-ਫ੍ਰੰਗੀ

ਅਰਥਾਤ

## ਫ੍ਰੰਗੀ ਰਾਜ-ਨੀਤੀ ਦੀ ਤਿਲਕਣ-ਬਾਜ਼ੀ !

ਵਰਤਮਾਨ ਸੰਸਾਰ ਦੀ ਕੁਲ ਵਸੋਂ ਦੀ ਗਿਣਤੀ ਕਰੀਬਨ ਇਕ ਅਰਬ ਤੇ ਅੱਧੀ ਕਰੋੜ ਆ, ਜੀਹਦੇ ਵਿਚ ੬੦ ਕਰੋੜ ਅਰਥਾਤ ਇਕ ਤਿਹਾਈ ਹਿੱਸਾ ਤਾਂ ਗੋਰੇ ਰੰਗ ਦੇ ਫ੍ਰੰਗੀ ਲੋਕ ਨਿ। ਜੋ ਅਮ੍ਰੀਕਾ, ਅਸਟ੍ਰੇਲੀਆ ਤੇ ਯੂਰਪ ਵਿਚ ਵੱਸਦੇ ਨੇ, ਤੇ ਬਾਕੀ ਦੇ ੧੨੦ ਕਰੋੜ ਲੋਕ ਹਮਾਤੜ ਸਾਥ ਕਾਲੇ-ਪੀਲੇ ਰੰਗਾਂ ਦੇ ਕਾਲੇ ਲੋਕ ਨੇ। ਜਿਨ੍ਹਾਂ ਦਾ ਵਸੇਬਾ ਏਸ਼ੀਆ ਤੇ ਅਫਰੀਕਾ ਦੇ ਦੇਸਾਂ ਵਿਚ ਹੈ। ਪਰ ਵਿਹ ਇਕ ਤਿਹਾਈ ਗੋਰੀ ਵਸੋਂ ਸਾਰੀ ਧਰਤੀ ਦੇ ਨੌਂ ਦਹਾਈ ਹਿਸੇ ਦੀ ਹਿਕ ਉਤੇ ਬੈਠਕੇ ਰਾਜ ਕਰ ਰਹੀ ਆ। ਅਠਾਰ੍ਹਵੀਂ ਸਦੀ ਦੇ ਅੱਧ ਵਿਚ ਇਨ੍ਹਾਂ ਫ੍ਰੰਗੀ ਦੇਸਾਂ ਦੇ ਗੋਰੇ ਖਚਰੀਆਂ ਨੇ ਆਪਣੀਆਂ ਵੈਨ ਸੁਵੰਨੀਆਂ ਕਾਢਾਂ ਕੱਢੀਆਂ, ਤੇ ਜਿਸ ਤੋਂ ਮਸ਼ੀਨ-ਕਾਰੀ ਦਾ ਸਮਾਂ ਅਰੰਭ ਹੋਇਅ ਏ, ਇਕ ਮਸ਼ੀਨ ਦਸ ਦਸ ਵੀਹ ਵੀਹ ਹਜ਼ਾਰ ਲੋਕਾਂ ਦੇ ਬਰਾਬਰ ਕੰਮ ਕਰਨ ਲਗ ਗਈ। ਤੇ ਮਨੁੱਖੀ-ਲੋੜ ਦਾ ਸਾਜ ਸਮਾਨ ਬੇ-ਓੜਕ ਤੇ ਬੇਹਿਸਾਬਾ ਹੀ ਤਿਆਰ ਹੋਣ ਲਗ ਪਿਆ। ਹੁਣ ਇਨ੍ਹਾਂ ਮਸ਼ੀਨਾਂ

ਵਾਸਤੇ ਪੂਰਾ ਫਟਾਉਣ ਦੀ ਖ਼ਾਤਰ ਇਕ ਪਾਸੇ ਤਾਂ ਕੱਚਾ ਮਾਲ ਪੈਦਾ ਕਰਕੇ ਦੇਣ ਵਾਲੇ ਅੱਡਿਆਂ ਦੀ ਲੋੜ ਪੈਗਈ ਤੇ ਦੂਜੇ ਪਾਸੇ ਮਸ਼ੀਨਾਂ ਦੀ ਰਾਹੀਂ ਤਜਾਰ ਹੋਏ ਹੋਏ ਬੇਹਿਸਾਬੇ ਮਾਲ ਨੂੰ ਖਪਾਉਣ ਦੇ ਮਤਲਬ ਲਈ ਨਵੀਆਂ ਮੰਡੀਆਂ ਦੀ ਡਾਹਢੀ ਲੋੜ ਭਾਸਣ ਲਗ ਪਈ। ਸੁ ੯੦ ਕਰੋੜ ਬੇਸਮਝ ਵਸਨੀਕਾਂ ਦੀ ਧਰਤੀ 'ਏਸ਼ੀਆ' ਤੇ ਪੰਝੀ ਕ੍ਰੋੜ ਜੰਗਲੀ ਲੋਕਾਂ ਦੀ ਵਸਤੀ 'ਅਫਰੀਕਾ' ਨੇ ਫਰੰਗੀ ਲੋਕਾਂ ਦੀਆਂ ਇਨ੍ਹਾਂ ਦੋਵਾਂ ਹੀ ਲੋੜਾਂ ਨੂੰ ਪੂਰਾ ਕਰ ਦਿੱਤਾ। ਕੱਚੇ ਮਾਲ ਅਰਥਾਤ ਰੂੰ, ਸਣ, ਟੀਨ, ਚਾਹ, ਗਰਮ ਮਸਾਲੇ, ਅੰਨ ਦਾਣਾ, ਤੇਲ ਕੱਢਣ ਦੇ ਬੀ ਉਨ, ਖੱਲਾਂ, ਚਮੜਾ, ਨੀਲ ਤੇ ਰਬੜ ਆਦਿਕ ਪ੍ਰਾਪਤ ਕਰਨ, ਤੇ ਆਪਣੇ ਆਪਣੇ ਦੇਸਦਾ ਤਜਾਰ ਕੀਤਾ ਹੋਇਆ ਸਾਮਾਨ ਲੋਹੇ ਤੇ ਫੌਲਾਦ ਦੀਆਂ ਮਸ਼ੀਨਾਂ, ਕੱਪੜਾ, ਖੰਡ, ਦਵਾਈਆਂ, ਰੰਗ, ਸਬੂਣ, ਦੀਵਾ ਸਲਾਈ, ਸਿਗਰਿਟਾਂ ਤੇ ਸ਼ਰਾਬ ਆਦਿਕ ਨੂੰ ਵੇਚਣ ਲਈ ਯੂਰਪੀ ਕਾਰਖ਼ਾਨਿਆਂ ਦੇ ਮਾਲਕ ਪੂੰਜੀ—ਭਗਤਾਂ ਨੇ ਏਸ਼ੀਆ ਤੇ ਅਫਰੀਕਾ ਦੇ ਸਿੱਧੜ ਤੇ ਬੇਇਲਮ ਦੇਸਾਂ ਉੱਤੇ ਆਪਣਾ ਕਬਜਾ ਜਮਾਉਣ ਲਈ ਅੱਖ ਰੱਖ ਲਈ। ਅਤੇ ਇਥੋਂ ਦੀਆਂ ਹਕੂਮਤਾਂ ਦੀ ਆਪਸ ਵਿੱਚ ਦੀ ਖਟ ਪਟੀ, ਇਨ੍ਹਾਂ ਦੇ ਰਾਜਨੀਤਕ—ਅਣਜਾਣਪੁਣੇ, ਜਥੇਬੰਦੀ ਤੇ ਇਤਫਾਕ ਦੇ ਘਾਟੇ ਤੋਂ ਫੈਦਾ ਉਠਾਕੇ ਹਰ ਜਾਇਜ਼ ਤੇ ਨਜਾਇਜ਼ ਢੰਗ ਨਾਲ ਇਨ੍ਹਾਂ ਦੋਹਾਂ ਹੀ ਦੇਸਾਂ ਉੱਤੇ ਜੱਫਾ ਮਾਰ ਲਿਆ।

ਹਿੰਦੁਸਤਾਨ, ਫਿਲਪਾਈਨ, ਪੂਰਬੀ ਤੇ ਪੱਛਮੀ ਸਮਿੱਲਤ-



ਟਾਪੂ ਅਤੇ ਅਫਰੀਕਾ ਉੱਤੇ ਤਾਂ ਇਨ੍ਹਾਂ ਦਾ ਪੂਰਾ ਪੂਰਾ ਕਬਜ਼ਾ ਹੋ ਚੁਕਾ ਏ, ਪ੍ਰੰਤੂ ਚੀਨ, ਸਿਆਮ, ਤਿੱਬਤ, ਮਿਸਰ, ਅਫ਼ਗ਼ਾਨਸਤਾਨ, ਈਰਾਨ, ਮੇਸੋਪ੍ਰਟੇਮੀਆ, (ਅਰਾਕ ਅਰਬ ਤੇ ਤੁਰਕਸਤਾਨ ਉਪ੍ਰ ਅਜੇ ਇਨਾਂ ਦਾ ਅਧੂਰਾ ਹੀ ਕਬਜ਼ਾ ਹੈ। ਸਚ ਮੁਚ ਹੀ ਜੇਕਰ ਡੂੰਘੀ ਨਿਗਾਹ ਨਾਲ ਦੇਖਿਆ ਜਾਵੇ ਤਾਂ ਏਸ਼ੀਆ ਤੇ ਅਫ੍ਰੀਕਾ ਦੀ ਕੁਦਰਤੀ ਸਰਸਬਜ਼ੀ ਤੇ ਧਨ ਦੌਲਤ ਹੀ ਇਨ੍ਹਾਂ ਦੀ ਗ਼ੁਲਾਮੀ ਤੇ ਦੁਰਦਸ਼ਾ ਦਾ ਕਾਰਨ ਹੋਈ ਏ। ਜਿਸ ਇਲਾਕੇ ਵਿਚ ਵੀ ਲਾਲਚੀ ਗੋਰਿਆਂ ਨੇ ਕਪਾਹ, ਸਣ, ਜਾਂ ਦਾਣੇ ਫਕੇ ਦੀ ਵਧੇਰੇ ਪੈਦਾਵਾਰ ਡਿਠੀ ਝਟ ਓਥੋਂ ਦੇ ਲੋਕਾਂ ਉਪਰ ਅਸਾਊ-ਪੁਣੇ-ਤੇ ਜਾਹਲ ਪੁਣੇ ਦਾ ਦੂਸ਼ਣ ਥੱਪ ਦਿਤਾ, ਤੇ ਉਨਾਂ ਵਿਚ ਸਾਊ-ਪੁਣੇ ਤੇ ਇਲਮ ਅਕਲ ਦਾ ਚਾਨਣਾ ਖਿਲਾਰਨ ਦਾ ਠੇਕਾ ਲੈਕੇ ਉਨਾਂ ਦੇ ਪੈਰਾਂ ਵਿਚ ਗ਼ੁਲਾਮੀ ਦੀਆਂ ਕਰੜੀਆਂ ਜ਼ੰਜੀਰਾਂ ਜਾ ਜਕੜੀਆਂ ਕਿਸੇ ਦੂਰ ਨੇੜੇ ਦੇ ਟਾਪੂ ਵਿਚ ਰਬੜ ਦੇ ਜੰਗਲ, ਮਿਟੀ ਦੇ ਤੇਲ ਦੇ ਸੋਮੇ ਜਾਂ ਕੋਲਾ, ਲੋਹੇ ਦੀਆਂ ਖਾਨਾਂ ਦੇ ਹੋਣ ਦੀ ਕੰਨ-ਸੋ ਪਈ, ਤੜੱਕ ਓਥੋਂ ਦੇ ਲੋਕਾਂ ਨੂੰ ਵੈਹਮੀ, ਭਰਮੀ, ਸਨਾਤਨੀ, ਪਛੜੇ-ਬਾਜ਼ ਤੇ ਬੁੱਤ-ਪੂਜਕ (Heathens) ਹੋਣ ਦੀ ਪਦਵੀ ਦਕੇ ਏਨਾਂ "ਰੈਹਮ ਦਿਲ—ਗੋਰਿਆਂ" ਨੇ ਉਨਾਂ ਵਿਚ ਭਗਵਾਨ ਈਸਾਮਸੀਹ ਦਾ ਸੰਦੇਸਾ ਪੁਚਾਉਣ ਦਾ ਫੈਸਲਾ ਕਰ ਲਿਆ ਤੇ ਈਸਾਈਪੁਣੇ ਦੇ ਸਲੀਬ ਵਾਲੇ ਧਾਰਮਕ ਝੰਡੇ ਦੇ ਨਾਲ ਨਾਲ ਜਾਂ ਮਗਰੇ ਮਗਰ ਏਸ ਦੀ ਰਖਜਾ ਕਰਨ ਦੀ ਖ਼ਾਤਰ ਜੰਗੀ ਰਸਾਲਿਆਂ ਤੇ ਤੋਪਖ਼ਾਨਿਆਂ ਅਰ ਉਨਾਂ ਦੇ ਨਾਲ ਹੀ "ਯੂਨੀਅਨ—ਜੈਕ" ਦੇ ਕੌਮੀ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.